# PAPER-III
# PUNJABI

**Signature and Name of Invigilator**

1. (Signature) ____________________________
   (Name) ____________________________
2. (Signature) ____________________________
   (Name) ____________________________

OMR Sheet No. : ..............................................
(To be filled by the Candidate)

Roll No. | | | | | | | | |
(In figures as per admission card)

Roll No.________________________________
(In words)

**D 2 4 1 3**

Time : **2 ½** hours] [Maximum Marks : **150**

Number of Pages in this Booklet : **16** Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** Ⓐ Ⓑ ● Ⓓ
   where (C) is the correct response.
5. Your responses to the items are to be indicated in the **OMR Sheet given inside the Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means such as change of response by scratching or using white fluid, you will render yourself liable to disqualification.
9. You have to return the test question booklet and Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण :** Ⓐ Ⓑ ● Ⓓ
   जबकि (C) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर प्रश्न-पुस्तिका एवं मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

# PUNJABI
## ਪੰਜਾਬੀ
## Paper-III
## ਪ੍ਰਸ਼ਨ ਪੱਤਰ-III

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਕਰਨੇ ਜ਼ਰੂਰੀ ਹਨ ।

**1.** ਪੰਜਾਬੀ ਧੁਨੀ ਵਿਉਂਤ ਅਨੁਸਾਰ ਸ਼ਬਦ ਬਣਤਰ ਦਾ ਕਿਹੜਾ ਵਰਤਾਰਾ ਸੰਭਵ ਨਹੀਂ :

(A) ਮੁੱਢ ਵਿਚ | ਆ ਏ |

(B) ਅੰਤ ਵਿਚ | ਈ ਅ |

(C) ਵਿਚਕਾਰ | ਅ ਓ |

(D) ਅੰਤ ਵਿਚ | ਇ ਔਂ |

**2.** 'ਦੱਸਣ ਲੱਗਿਆਂ ਉਹ ਡਰ ਜਾਂਦਾ' ਵਿਚ 'ਦੱਸਣ ਲੱਗਿਆਂ' ਸ਼ਬਦ ਹਨ :

(A) ਸਕਰਮਕ

(B) ਕਾਲਕੀ

(C) ਕਿਰਦੰਤ

(D) ਸੰਚਾਲਕ

**3.** 'ਸਕੀ ਭੈਣ ਨੇ ਦੋ ਸਾਲਾਂ ਦੇ ਆਪਣੇ ਛੋਟੇ ਭਰਾ ਨੂੰ ਦੁੱਧ ਪਿਆਇਆ' ਵਿਚ ਸ਼ਬਦਾਂ ਦਾ ਵਿਆਕਰਨਕ ਮੇਲ ਹੈ :

(A) ਸਕੀ ਤੇ ਭੈਣ ਦਾ

(B) ਛੋਟੇ ਤੇ ਦੁੱਧ ਦਾ

(C) ਆਪਣੇ ਤੇ ਭੈਣ ਦਾ

(D) ਦੁੱਧ ਤੇ ਆਪਣੇ ਦਾ

**4.** ਗੁਰਮੁਖੀ ਦੇ ਸ਼ੁੱਧ ਤੇ ਇਕਹਿਰੇ ਵਰਨ ਹਨ :

(A) ਪੈਂਤੀ

(B) ਇਕਤਾਲੀ

(C) ਛਪੰਜਾ

(D) ਬੱਤੀ

**5.** ਭਾਸ਼ਾ ਦਾ ਸਮੂਹਕ ਵਰਤਾਰਾ ਨਹੀਂ :

(A) ਇਤਿਹਾਸਕ

(B) ਪੈਰੋਲ

(C) ਲਾਂਗ

(D) ਕੜੀਦਾਰ

**6.** ਪੰਜਾਬੀ ਵਿਚ ਕਾਰਕ ਦਾ ਪ੍ਰਗਟਾਵਾ ਹੁੰਦਾ ਹੈ :

(A) ਸ਼ਬਦਾਂ ਦੇ ਮੂਲ ਰੂਪ ਤੋਂ

(B) ਸੰਬੰਧਕਾਂ ਤੋਂ

(C) ਸੰਬੰਧਕਾਂ ਤੇ ਵਿਭਕਤੀਆਂ ਤੋਂ

(D) ਵਿਭਕਤੀਆਂ ਤੋਂ

7. **(A) ਕਥਨ :** ਵੈਦਿਕ ਭਾਸ਼ਾ, ਭਾਰਤੀ ਆਰੀਆ ਭਾਸ਼ਾਵਾਂ ਦੀ ਮੂਲ ਸ੍ਰੋਤ ਹੈ । ਇਸ ਲਈ ਸਾਰੀਆਂ ਭਾਸ਼ਾਵਾਂ ਵਿਚ ਇਸ ਦੇ ਸ਼ਬਦ ਮਿਲ ਜਾਂਦੇ ਹਨ ।

**(R) ਕਾਰਨ :** ਕਿਉਂਕਿ ਹਰ ਭਾਸ਼ਾ ਵਿਚ ਵੈਦਿਕ ਸ਼ਬਦਾਵਲੀ ਮਿਲਦੀ ਹੈ, ਇਸ ਲਈ ਭਾਰਤੀ ਭਾਸ਼ਾਵਾਂ ਵਿਚ ਪਰਿਵਾਰਕ ਸਾਂਝ ਨਿਸ਼ਚਿਤ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ, (R) ਗ਼ਲਤ ਹੈ

(B) (A) ਗ਼ਲਤ ਹੈ, (R) ਸਹੀ ਹੈ

(C) (A) ਤੇ (R) ਦੋਵੇਂ ਸਹੀ ਹਨ

(D) (A) ਸਹੀ ਹੈ, (R) ਆਂਸ਼ਿਕ ਸਹੀ ਹੈ

8. **(A) ਕਥਨ :** ਰੂਪ-ਵਿਗਿਆਨ ਦੀਆਂ ਦੋ ਸ਼ਾਖਾਵਾਂ, ਵਿਉਤਪੱਤ ਤੇ ਰੂਪਾਂਤਰੀ ਹਨ । ਵਿਉਤਪੱਤ ਵਿਚ ਸ਼ਬਦਾਂ ਦੀ ਵਿਉਤਪੱਤੀ ਦਾ ਅਧਿਐਨ ਕੀਤਾ ਜਾਂਦਾ ਹੈ ਪਰ ਰੂਪਾਂਤਰੀ ਵਿਚ ਸ਼ਬਦਾਂ ਦੀ ਰੂਪਾਵਲੀ ਵਿਚ ਸ਼ਾਮਿਲ ਵੱਖ ਵੱਖ ਸ਼ਬਦ-ਰੂਪਾਂ ਦੇ ਵਿਆਕਰਨਕ ਸੰਬੰਧਾਂ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ ।

**(R) ਕਾਰਨ :** ਪੜ੍ਹਾਈ, ਲਿਖਾਈ, ਕਢਾਈ ਦੀ ਅੰਤਕ |ਈ| ਰੂਪਾਂਤਰੀ ਰੂਪ ਦੀ ਉਦਾਹਰਨ ਹੈ ਜਦੋਂ ਕਿ ਚਾਚੇ, ਮੁੰਡੇ ਦਾ ਅੰਤਕ |ਏ| ਵਿਉਤਪੱਤ ਰੂਪ ਦੀ ਉਦਾਹਰਨ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ

(B) (A) ਸਹੀ ਤੇ (R) ਗ਼ਲਤ ਹੈ

(C) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ

(D) (A) ਆਂਸ਼ਿਕ ਸਹੀ ਹੈ ਤੇ (R) ਆਂਸ਼ਿਕ ਗ਼ਲਤ ਹੈ

9. 'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਵਿਚ ਕਿੰਨੇ ਵਿਸ਼ੇਸ਼ਣ ਹਨ :

(A) 4

(B) 7

(C) 5

(D) 6

10. **ਸੂਚੀ-I** **ਸੂਚੀ-II**

a. ਲਿਖ 1. ਲਘੂਤਾਬੋਧਕ ਨਾਂਵ

b. ਲਿਖਵਾ 2. ਦੂਜੀ ਪ੍ਰੇਰਨਾਰਥਕ ਕ੍ਰਿਆ

c. ਸੰਦੂਕੜੀ 3. ਭਾਵਵਾਚਕ ਨਾਂਵ

d. ਪੜ੍ਹਾਈ 4. ਧਾਤੂ

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 4 | 2 | 1 | 3 |
| (B) | 4 | 3 | 2 | 1 |
| (C) | 3 | 4 | 3 | 2 |
| (D) | 2 | 1 | 4 | 4 |

11. **ਸੂਚੀ-I** **ਸੂਚੀ-II**

a. ਲੋਕਧਾਰਾ ਤੇ ਮੱਧਕਾਲੀਨ ਪੰਜਾਬੀ ਸਾਹਿਤ 1. ਵਣਜਾਰਾ ਬੇਦੀ

b. ਪੰਜਾਬ 2. ਗੁਰਬਖ਼ਸ਼ ਸਿੰਘ ਫਰੈਂਕ

c. ਸਭਿਆਚਾਰ ਤੇ ਪੰਜਾਬੀ ਸਭਿਆਚਾਰ 3. ਮਹਿੰਦਰ ਸਿੰਘ ਰੰਧਾਵਾ

d. ਲੋਕ ਆਖਦੇ ਹਨ 4. ਕਰਨੈਲ ਸਿੰਘ ਥਿੰਦ

ਉਪਰੋਕਤ ਦਾ ਕਿਹੜਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 2 | 3 | 4 | 1 |
| (B) | 1 | 2 | 3 | 4 |
| (C) | 4 | 3 | 2 | 1 |
| (D) | 3 | 1 | 2 | 4 |

12. ਪੰਜਾਬ ਦੇ ਲੋਕ ਨਾਚਾਂ ਦਾ ਸਹੀ ਜੁੱਟ ਹੈ :

(A) ਗਿੱਧਾ, ਜਾਗੋ, ਸੰਮੀ, ਕਿਕਲੀ

(B) ਭੰਗੜਾ, ਝੁੰਮਰ, ਗਿੱਧਾ, ਢੋਲਾ

(C) ਕਿਕਲੀ, ਭੰਗੜਾ, ਜਾਗੋ, ਬਾਬਿਆਂ ਦਾ ਗਿੱਧਾ

(D) ਝੁੰਮਰ, ਸੰਮੀ, ਕਿਕਲੀ, ਗਿੱਧਾ

13. **(A) ਕਥਨ :** ਪੰਜਾਬੀ ਸਭਿਆਚਾਰ ਅਜੇਹਾ ਵਿਆਪਕ ਅਨੁਸ਼ਾਸਨ ਹੈ ਕਿ ਇਸ ਦੇ ਘੇਰੇ ਵਿਚ ਲੋਕਜਾਨ ਹੀ ਨਹੀਂ ਸਗੋਂ ਸਮੁਚਾ ਸਮਾਜਕ ਵਰਤਾਰਾ ਵੀ ਆ ਜਾਂਦਾ ਹੈ ਜੋ ਨਿਰੰਤਰ ਰੂਪ ਵਿਚ ਕਾਰਜਸ਼ੀਲ ਰਹਿੰਦਾ ਹੈ ।

**(R) ਕਾਰਨ :** ਪਰ ਇਸ ਦੀ ਕਾਰਜਸ਼ੀਲਤਾ ਐਨੀ ਸੁਦ੍ਰਿੜ ਤੇ ਸਥਿਰ ਹੈ ਕਿ ਹਰੇਕ ਸਮਾਂ-ਬਿੰਦੂ ਉਪਰ ਇਸ ਦੇ ਆਧਾਰ ਤੇ ਸਭਿਆਚਾਰਕ ਪਛਾਣ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ, (R) ਆਂਸ਼ਿਕ ਸਹੀ ਹੈ

(B) (A) ਅਤੇ (R) ਦੋਵੇਂ ਸਹੀ ਹਨ

(C) (A) ਸਹੀ ਹੈ, (R) ਗ਼ਲਤ ਹੈ

(D) (A) ਤੇ (R) ਦੋਵੇਂ ਗ਼ਲਤ ਹਨ

14. ਪੰਜਾਬ ਦੇ ਲੋਕ ਸੰਗੀਤਕ ਸਾਜ਼ਾਂ ਦਾ ਸਹੀ ਜੁੱਟ ਹੈ :

(A) ਬੰਸਰੀ, ਤਬਲਾ, ਢੋਲ, ਇਕਤਾਰਾ

(B) ਢੋਲ, ਬੁਗਤੂ, ਅਲਗੋਜ਼ਾ, ਕਿੰਗ

(C) ਢੋਲਕੀ, ਜੋੜੀ, ਨਰਸਿੰਗਾ, ਤੂੰਬੀ

(D) ਇਕਤਾਰਾ, ਬਾਜਾ, ਜੋੜੀ, ਅਲਗੋਜ਼ਾ

15. ਪੰਜਾਬੀ ਲੋਕਯਾਨਕ ਸਮੱਗਰੀ ਦੇ ਵਿਭਿੰਨ ਰੂਪ ਹਨ :

(A) ਹੱਥ-ਲਿਖਤਾਂ, ਸ਼ਿਲਾਲੇਖ, ਸਾਹਿਤ, ਮੌਖਿਕ ਪਾਠ

(B) ਕਲਾਕ੍ਰਿਤਾਂ, ਸਾਹਿਤ, ਸਾਜ਼, ਪਰੰਪਰਾਗਤ ਧੰਦੇ

(C) ਸਾਹਿਤ, ਲੋਕ ਸੰਗੀਤ, ਪਰੰਪਰਾਗਤ ਧੰਦੇ, ਚਿਕਿਤਸਾ

(D) ਮੌਖਿਕ ਪਾਠ, ਸਮੂਹਕ ਕਲਾਕ੍ਰਿਤਾਂ, ਰਵਾਇਤੀ ਸਾਜ਼ੋ-ਸਾਮਾਨ, ਸ਼ਿਲਾਲੇਖ

16.

| **ਸੂਚੀ-I** | **ਸੂਚੀ-II** |
|---|---|
| a. ਤਾਵੀਜ਼ | 1. ਅਨੁਸ਼ਠਾਨ |
| b. ਮਿਰਚਾਂ ਵਾਰਨੀਆਂ | 2. ਅਪਸ਼ਗਨ |
| c. ਜੰਡੀ ਵੱਢਣਾ | 3. ਵਿਸ਼ਵਾਸ |
| d. ਕੁੱਤੇ ਦਾ ਰੋਣਾ | 4. ਸੰਸਕਾਰ |

ਉਪਰੋਕਤ ਵਿਚੋਂ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 3 | 1 | 4 |
| (B) | 1 | 2 | 3 | 4 |
| (C) | 3 | 1 | 4 | 2 |
| (D) | 4 | 3 | 2 | 1 |

**17.** **ਸੂਚੀ-I** **ਸੂਚੀ-II**

| | |
|---|---|
| a. ਮਾਰਫ਼ਤ | 1. ਪ੍ਰਭੂਵਿਚ ਲੀਨਤਾ |
| b. ਤਸੱਵੁਫ਼ | 2. ਗਿਆਨ ਮਾਰਗ |
| c. ਤਰੀਕਤ | 3. ਇਲਾਹੀ ਮਾਰਗ |
| d. ਬਕਾ | 4. ਸਾਧਨਾ ਮਾਰਗ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 3 | 4 | 1 |
| (B) | 1 | 2 | 3 | 4 |
| (C) | 4 | 1 | 2 | 3 |
| (D) | 3 | 4 | 1 | 2 |

**18.** ਪੰਜਾਬੀ ਸੂਫ਼ੀ ਕਾਵ ਦੇ ਮੁੱਖ ਪਛਾਣ-ਚਿੰਨ੍ਹ ਹਨ :

(A) ਤਸੱਵੁਫ਼, ਬਕਾ, ਵਜਦ, ਹਮਾਓਸਤ

(B) ਵਜਦ, ਸ਼ਰੀਅਤ, ਤਰੀਕਤ, ਕੁਰਾਨਸ਼ਰੀਫ਼

(C) ਸ਼ਰੀਅਤ, ਮਸੀਤ, ਮੁਸੱਲਾ, ਹੱਜ

(D) ਕਾਸਾ, ਸੋਟਾ, ਤਰੀਕਤ, ਤਸੱਵੁਫ਼

**19.** ਸੂਫ਼ੀ ਮਤ ਦੇ 'ਵਹਿਦਤ-ਉਲ-ਵਜੂਦ' ਦਾ ਸੰਕਲਪ ਕਿਸ ਭਾਰਤੀ ਦਰਸ਼ਨ ਨਾਲ ਸਮਾਨਤਾ ਰਖਦਾ ਹੈ :

(A) ਬੁੱਧ ਮਤ

(B) ਜੈਨ ਮਤ

(C) ਵੇਦਾਂਤ

(D) ਯੋਗ ਮਤ

**20.** ਪੰਜਾਬੀ ਸੂਫ਼ੀ-ਕਾਵਿ ਨਾਲ ਸੰਬੰਧਿਤ ਸੂਫ਼ੀ ਸਿਲਸਿਲਿਆਂ ਦਾ ਕਿਹੜਾ ਜੁੱਟ ਸਹੀ ਹੈ :

(A) ਕਾਦਰੀ, ਨਕਸ਼ਬੰਦੀ, ਚਿਸ਼ਤੀ, ਜੈਦੀ

(B) ਨਕਸ਼ਬੰਦੀ, ਫਿਰਦੌਸੀ, ਕਾਦਰੀ, ਸੁਹਰਾਵਰਦੀ

(C) ਚਿਸ਼ਤੀ, ਕਾਦਰੀ, ਮਲਾਮਤੀ, ਨਕਸ਼ਬੰਦੀ

(D) ਸੁਹਰਾਵਰਦੀ, ਮੌਲਵੀਆ, ਸ਼ਾਹਜ਼ਿਲਾ, ਖਵਾਜਾ

**21.** ਰੱਬਾ ਮੇਰੇ ਹਾਲ ਦਾ ਮਹਿਰਮ ਤੂੰ ।
ਅੰਦਰ ਤੂੰ ਹੈਂ ਬਾਹਰ ਤੂੰ ਹੈਂ ਰੋਮ ਰੋਮ ਵਿਚ ਤੂੰ ।
ਤੂੰ ਹੀ ਤਾਣਾ ਤੂੰ ਹੀ ਬਾਣਾ ਸਭ ਕੁਝ ਮੇਰਾ ਤੂੰ ।
ਇਨ੍ਹੀਂ ਕਾਵਿ-ਪੰਕਤੀਆਂ ਵਿਚ ਪ੍ਰਗਟਾਵਾ ਹੋਇਆ ਹੈ :

(A) ਮਾਰਫ਼ਤ ਦਾ

(B) ਵਹਿਦਤ-ਉਲ-ਵਜੂਦ ਦਾ

(C) ਸ਼ਰ੍ਹਾ ਦਾ

(D) ਇਸ਼ਕ ਮਜਾਜ਼ੀ ਦਾ

**22.** **ਸੂਚੀ-I** **ਸੂਚੀ-II**

| | |
|---|---|
| a. ਗੁਰੂ ਸਾਹਿਬਾਨ | 1. 4 |
| b. ਭੱਟ ਬਾਣੀਕਾਰ | 2. 6 |
| c. ਭਗਤ ਬਾਣੀਕਾਰ | 3. 11 |
| d. ਗੁਰੂ ਘਰ ਦੇ ਸਿੱਖ | 4. 15 |

ਉਪਰੋਕਤ ਬਾਣੀਕਾਰਾਂ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 3 | 2 | 1 | 4 |
| (C) | 2 | 3 | 4 | 1 |
| (D) | 4 | 1 | 2 | 3 |

**23.** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਿਹੜੀ ਬਾਣੀ ਰਾਗ ਵਿਚ ਨਹੀਂ ਹੈ :

(A) ਘੋੜੀਆਂ

(B) ਰਾਗਮਾਲਾ

(C) ਸੋਲਹੇ

(D) ਕਰਹਲੇ

**24.** ਜਪੁਜੀ ਸਾਹਿਬ ਵਿਚ ਖੰਡਾਂ ਦੀ ਤਰਤੀਬ ਹੈ :

(A) ਧਰਮ, ਕਰਮ, ਸਰਮ, ਗਿਆਨ, ਸੱਚ

(B) ਗਿਆਨ, ਕਰਮ, ਸਰਮ, ਧਰਮ, ਸੱਚ

(C) ਧਰਮ, ਸਰਮ, ਗਿਆਨ, ਕਰਮ, ਸੱਚ

(D) ਧਰਮ, ਗਿਆਨ, ਸਰਮ, ਕਰਮ, ਸੱਚ

**25.** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਕਿਹੜੇ ਰਾਗ ਵਿਚ ਵਾਰ ਰੂਪ ਨਹੀਂ ਆਉਂਦਾ :

(A) ਰਾਗੁ ਬਿਲਾਵਲ

(B) ਰਾਗੁ ਬਡਹੰਸ

(C) ਰਾਗੁ ਟੋਡੀ

(D) ਰਾਗੁ ਬਸੰਤੁ

**26.** ਗੁਰਮਤ ਕਾਵਿ ਦਾ ਕਿਹੜਾ ਦਾਰਸ਼ਨਿਕ ਆਧਾਰ ਨਹੀਂ ਹੈ :

(A) ਸਰਗੁਣ ਭਗਤੀ, ਅਦਵੈਤ ਵਾਦ, ਪ੍ਰੇਮਾ ਭਗਤੀ, ਇਕ-ਈਸ਼ਵਰਵਾਦ

(B) ਅਵਤਾਰਵਾਦ, ਭੌਤਿਕਵਾਦ, ਕਰਮਕਾਂਡ, ਜਾਤੀ ਪ੍ਰਥਾ

(C) ਇਕ-ਈਸ਼ਵਰਵਾਦ, ਭੌਤਿਕਵਾਦ, ਨਿਰਗੁਣਵਾਦ, ਪ੍ਰੇਮਾ ਭਗਤੀ

(D) ਪ੍ਰੇਮਾ ਭਗਤੀ, ਅਦਵੈਤਵਾਦ, ਸਰਗੁਣ ਭਗਤੀ, ਕਰਮਕਾਂਡ

**27.** ਗੁਰਮਤ ਅਨੁਸਾਰ ਹੁਕਮ ਦਾ ਅਰਥ ਹੈ :

(A) ਦੁਨਿਆਵੀ ਵਿਧਾਨ ਅਨੁਸਾਰ ਚੱਲਣਾ

(B) ਗੁਰੂ ਦੀ ਇੱਛਾ ਅਨੁਸਾਰ ਚੱਲਣਾ

(C) ਵੇਲੇ ਦੀ ਹਕੂਮਤ ਅਨੁਸਾਰ ਚੱਲਣਾ

(D) ਬ੍ਰਹਿਮੰਡੀ ਵਿਧਾਨ ਅਨੁਸਾਰ ਕਾਰਜਸ਼ੀਲ ਹੋਣਾ

**28.**

| **ਸੂਚੀ-I** | **ਸੂਚੀ-II** |
|---|---|
| a. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ | 1. ਪ੍ਰੋ. ਕਿਸ਼ਨ ਸਿੰਘ |
| b. ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ | 2. ਡਾ. ਦੀਵਾਨ ਸਿੰਘ |
| c. ਪਰਾਸ਼ਰ ਪ੍ਰਸ਼ਨ | 3. ਡਾ. ਤਾਰਨ ਸਿੰਘ |
| d. ਰਹੱਸਵਾਦ ਤੇ ਹੋਰ ਲੇਖ | 4. ਸ. ਕਪੂਰ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 1 | 4 | 2 |
| (B) | 3 | 2 | 1 | 4 |
| (C) | 2 | 1 | 4 | 3 |
| (D) | 4 | 2 | 1 | 3 |

**29.** **(A) ਕਥਨ :** ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਭਾਰਤੀ ਆਰੀਆਈ ਭਾਸ਼ਾਵਾਂ ਦੀ ਸ਼ਬਦਾਵਲੀ ਭਗਤਾਂ ਦੀ ਵਾਣੀ ਨਾਲ ਆਈ ਹੈ ।

**(R) ਕਾਰਨ :** ਕਿਉਂਕਿ ਮੱਧ ਕਾਲ ਵਿਚ ਭਾਰਤੀ ਆਰੀਆਈ ਭਾਸ਼ਾਵਾਂ ਦੀ ਸ਼ਬਦਾਵਲੀ ਉੱਤਰੀ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਵਰਤੀ ਜਾਂਦੀ ਰਹੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ

(B) (A) ਸਹੀ ਹੈ, (R) ਗ਼ਲਤ ਹੈ

(C) (A) ਆਂਸ਼ਿਕ ਸਹੀ ਹੈ, (R) ਸਹੀ ਹੈ

(D) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

**30.** ਕਿੱਸਾ ਹੀਰ ਦਮੋਦਰ ਵਿਚ ਕਿਹੜੇ ਰਸਾਂ ਦੀ ਪੇਸ਼ਕਾਰੀ ਹੋਈ ਹੈ :

(A) ਰੌਦਰ, ਸ਼ਾਂਤ, ਸ਼ਿੰਗਾਰ

(B) ਸ਼ਿੰਗਾਰ, ਹਾਸ, ਵੀਭਤਸ

(C) ਸ਼ਿੰਗਾਰ, ਬੀਰ, ਹਾਸ

(D) ਕਰੁਣਾ, ਬੀਰ, ਬੀਭਤਸ

**31.** ਨਜਮ ਹੁਸੈਨ ਸੱਯਦ ਦਾ ਹੀਰ ਵਾਰਿਸ ਨੂੰ 'ਨ ਕਲ' ਕਹਿਣ ਦਾ ਆਧਾਰ ਹੈ :

(A) ਆਦਰਸ਼ਕ ਸਮਾਜ ਦੀ ਸਿਰਜਣਾ

(B) ਸਮਾਜਕ ਪ੍ਰਬੰਧ ਦਾ ਪਾਜ ਉਘਾੜਨਾ

(C) ਰਾਜਨੀਤਿਕ ਪ੍ਰਬੰਧ ਦੀ ਆਲੋਚਨਾ

(D) ਆਰਥਿਕ ਵਿਵਸਤਾ ਉਪਰ ਚੋਟ

**32.** ਪੰਜਾਬੀ ਕਿੱਸਾ-ਕਾਵਿ ਦੇ ਸੋਮੇ ਹਨ :

(A) ਕੁਰਾਨ ਸ਼ਰੀਫ਼, ਜਾਤਕ ਕਥਾਵਾਂ

(B) ਪੰਚਤੰਤਰ, ਫਾਰਸੀ ਕਾਵਿ

(C) ਮਸਨਵੀ, ਪ੍ਰੇਮ ਆਖਿਆਨ

(D) ਹਦੀਸ, ਨੀਤੀ ਕਥਾਵਾਂ

**33.** ਕਿਸ ਰਚਨਾ ਵਿਚ ਵੀਰ ਰਸ ਤੇ ਸ਼ਿੰਗਾਰ ਰਸ ਦਾ ਸੁਮੇਲ ਸਿਰਜਿਆ ਗਿਆ ਹੈ :

(A) ਨਜਾਵਤ ਦੀ ਵਾਰ

(B) ਚੱਠਿਆਂ ਦੀ ਵਾਰ

(C) ਚੰਡੀ ਦੀ ਵਾਰ

(D) ਜੰਗਨਾਮਾ ਸਿੰਘਾਂ ਤੇ ਫਰੰਗੀਆਂ

**34.** ਨਾਦਰਸ਼ਾਹ ਦੀ ਵਾਰ ਵਿਚਲਾ ਨਾਇਕ :

(A) ਆਦਰਸ਼ ਪੰਜਾਬੀ ਜੋਧੇ ਦੀ ਪ੍ਰਤਿਨਿਧਤਾ ਕਰਦਾ ਹੈ

(B) ਪੰਜਾਬੀ ਲੋਕ ਵਿਰਸੇ ਦਾ ਪ੍ਰਤਿਨਿਧ ਹੈ

(C) ਪੰਜਾਬ ਦੀ ਧਾਰਮਿਕ ਰਵਾਇਤ ਦਾ ਪ੍ਰਤਿਨਿਧ ਹੈ

(D) ਪੰਜਾਬ ਨਾਲ ਕੋਈ ਸੰਬੰਧ ਨਹੀਂ ਰਖਦਾ

**35.** ਵਾਰ ਦੀ ਰੂਪਾਕਾਰਕ ਵਿਸ਼ੇਸ਼ਤਾ ਹੈ :

(A) ਯੁੱਧ ਵਰਣਨ, ਨਾਇਕ ਦੀ ਵੀਰਤਾ, ਪਉੜੀ ਪ੍ਰਬੰਧ

(B) ਪਉੜੀ ਪ੍ਰਬੰਧ, ਨਾਇਕ ਦੀ ਬਹਾਦਰੀ, ਪ੍ਰਕਿਰਤੀ ਚਿੱਤਰਨ

(C) ਸੈਲਾਨੀ ਛੰਦ, ਯੁੱਧ ਵਰਣਨ, ਸਮਾਜਕ ਚਿੱਤਰਨ

(D) ਨਾਇਕ ਦੀ ਵੀਰਤਾ, ਸ਼ਿੰਗਾਰ ਰਸ, ਨੈਤਿਕ ਉਪਦੇਸ਼

**36.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| a. ਅਗਰਾ | 1. ਚੱਠਿਆਂ ਦੀ ਵਾਰ |
| b. ਪੀਰ ਮੁਹੰਮਦ | 2. ਸੀਹਰਫ਼ੀ ਹਰੀ ਸਿੰਘ ਨਲਵਾ |
| c. ਨਜਾਬਤ | 3. ਵਾਰ ਹਕੀਕਤ ਰਾਏ |
| d. ਕਾਦਰਯਾਰ | 4. ਨਾਦਰ ਸ਼ਾਹ ਦੀ ਵਾਰ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 3 | 1 | 2 |
| (B) | 3 | 1 | 4 | 2 |
| (C) | 2 | 4 | 3 | 1 |
| (D) | 1 | 2 | 3 | 4 |

**37.** **(A) ਕਥਨ :** ਪੰਜਾਬੀ ਕਿੱਸਾ-ਕਾਵਿ, ਮੱਧਕਾਲੀ ਪੰਜਾਬੀ ਸਾਹਿਤ ਚਿੰਤਨ ਦੀ ਗੌਰਵਮਈ ਰਚਨਾਤਮਕ ਪ੍ਰਾਪਤੀ ਹੈ । ਇਸ ਪ੍ਰਾਪਤੀ ਦਾ ਰਹੱਸ ਮਾਨਵੀ ਹੋਂਦ ਨੂੰ ਅਰਥ ਦੇ ਕੇ ਉਸ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਹੈ ।

**(R) ਕਾਰਨ :** ਪਰ ਇਹ ਪਛਾਣ ਸਿਰਫ਼ ਮਾਨਵੀ ਹੋਂਦ ਤਕ ਹੀ ਸੀਮਿਤ ਰਹੀ ਅਤੇ ਸਮੁੱਚੀ ਮਾਨਵੀ ਸੰਸਕ੍ਰਿਤੀ ਤਕ ਨਾ ਪੁੱਜੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ

(B) (A) ਤੇ (R) ਦੋਵੇਂ ਗ਼ਲਤ ਹਨ

(C) (A) ਸਹੀ ਹੈ, (R) ਅਾਂਸ਼ਿਕ ਸਹੀ ਹੈ

(D) (A) ਸਹੀ ਹੈ, (R) ਗ਼ਲਤ ਹੈ

**38.** **(A) ਕਥਨ :** ਪੁਰਾਤਨ ਪੰਜਾਬੀ ਵਾਰਤਕ ਦੀ ਕੇਂਦਰੀ ਪ੍ਰਵਿਰਤੀ ਇਹ ਹੈ ਕਿ ਦਾਰਸ਼ਨਿਕ ਅਤੇ ਬੌਧਿਕ ਮਸਲਿਆਂ ਨੂੰ ਮੁਖ਼ਾਤਿਬ ਹੁੰਦੇ ਹੋਏ ਵੀ ਇਸ ਦੀ ਭਾਸ਼ਾ ਆਮ ਲੋਕਾਂ ਦੇ ਬਹੁਤ ਨੇੜੇ ਹੈ ।

**(R) ਕਾਰਨ :** ਇਹ ਉਸ ਸਮੇਂ ਰਚੀ ਗਈ ਹੈ ਜਦ ਧਰਮ ਦੀ ਗੱਲ ਕਠਿਨ ਭਾਸ਼ਾ ਤੇ ਗੁੰਝਲਦਾਰ ਸ਼ੈਲੀ ਨੂੰ ਛੱਡ ਕੇ ਲੋਕ ਭਾਸ਼ਾ ਤੇ ਲੋਕ ਮੁਹਾਵਰੇ ਅਨੁਸਾਰ ਕੀਤੀ ਜਾ ਰਹੀ ਸੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ

(B) (A) ਤੇ (R) ਦੋਵੇਂ ਅਾਂਸ਼ਿਕ ਸਹੀ ਹਨ

(C) (A) ਅਾਂਸ਼ਿਕ ਸਹੀ ਹੈ, (R) ਸਹੀ ਹੈ

(D) (A) ਸਹੀ ਹੈ, (R) ਅਾਂਸ਼ਿਕ ਸਹੀ ਹੈ

**39.**

| ਸੂਚੀ-I | ਸੂਚੀ-II |
|---|---|
| a. ਜਨਮ ਸਾਖੀ | 1. ਅੱਡਣ ਸ਼ਾਹ |
| b. ਆਦਿ ਸਾਖੀਆਂ | 2. ਭਾਈ ਮਨੀ ਸਿੰਘ |
| c. ਗਿਆਨ ਰਤਨਾਵਲੀ | 3. ਸ਼ੰਭੂ ਨਾਥ |
| d. ਸਾਖੀਆਂ | 4. ਭਾਈ ਬਾਲਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 4 | 1 | 2 |
| (B) | 2 | 1 | 3 | 4 |
| (C) | 4 | 3 | 2 | 1 |
| (D) | 1 | 2 | 4 | 3 |

**40.** ਗੁਰੂ ਨਾਨਕ ਦੇਵ ਨੂੰ ਕਿਸ ਵਾਰਤਕ ਗੋਸ਼ਟਿ ਦਾ ਰਚਣਹਾਰ ਮੰਨਿਆ ਜਾਂਦਾ ਹੈ :

(A) ਗੋਸ਼ਟਿ ਨਿਰੰਕਾਰ ਨਾਲ

(B) ਮੱਕੇ ਮਦੀਨੇ ਦੀ ਗੋਸ਼ਟਿ

(C) ਸਿੱਧ ਗੋਸ਼ਟਿ

(D) ਗੋਸ਼ਟਿ ਕਲਜੁਗ ਨਾਲ

**41.** ਪੰਜਾਬੀ ਦੇ ਕਿਸ ਵਿਦਵਾਨ ਦੀ ਕਿਹੜੀ ਰਚਨਾ ਵਿਚ ਗੁਰੂ ਨਾਨਕ ਦੇਵ ਦੇ ਬਿੰਬ ਨੂੰ ਦਿੱਗ ਵਿਜਈ ਤੇ ਸਰਬ ਬਿਜਈ ਮੰਨਿਆ ਗਿਆ ਹੈ :

(A) ਹਰਿਭਜਨ ਸਿੰਘ : ਜਨਮ ਸਾਖੀ

(B) ਕਿਰਪਾਲ ਸਿੰਘ : ਜਨਮ ਸਾਖੀ ਪਰੰਪਰਾ

(C) ਤਾਰਨ ਸਿੰਘ : ਮੁਢਲੀ ਪੰਜਾਬੀ ਵਾਰਤਕ

(D) ਸੁਰਿੰਦਰ ਸਿੰਘ ਕੋਹਲੀ : ਪੁਰਾਤਨ ਪੰਜਾਬੀ ਵਾਰਤਕ

**42.** ਜਨਮ ਸਾਖੀ ਪਰੰਪਰਾ ਵਿਚ ਨਾਇਕ ਦੇ ਆਧਾਰ ਉਤੇ ਕਿਹੜਾ ਜੁੱਟ ਸਹੀ ਹੈ :

(A) ਪੁਰਾਤਨ ਜਨਮ ਸਾਖੀ, ਸਾਖੀਆਂ ਅੱਡਣ ਸ਼ਾਹ, ਭਗਤ ਰਤਨਾਵਲੀ

(B) ਜਨਮ ਸਾਖੀ, ਆਦਿ ਸਾਖੀਆਂ, ਗਿਆਨ ਰਤਨਾਵਲੀ

(C) ਮਿਹਰਬਾਨ ਵਾਲੀ ਜਨਮ ਸਾਖੀ, ਸੌ ਸਾਖੀ, ਪਰਚੀਆਂ

(D) ਭਾਈ ਬਾਲੇ ਵਾਲੀ ਜਨਮ ਸਾਖੀ, ਆਦਿ ਸਾਖੀਆਂ, ਭਗਤ ਰਤਨਾਵਲੀ

**43.** ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਵਾਰਤਕ ਰਚਨਾਵਾਂ ਦਾ ਸਹੀ ਜੁੱਟ ਹੈ :

(A) ਮੇਰੀ ਰੂਸੀ ਯਾਤਰਾ, ਅਣਵਿਆਹੀ ਮਾਂ, ਰਾਜਕੁਮਾਰੀ ਲਤਿਕਾ

(B) ਜ਼ਿੰਦਗੀ ਦੀ ਰਾਸ, ਸਾਂਵੀ ਪੱਧਰੀ ਜ਼ਿੰਦਗੀ, ਮੰਜ਼ਿਲ ਦਿਸ ਪਈ

(C) ਪ੍ਰੀਤਾਂ ਤੀ ਪਹਿਰੇਦਾਰ, ਅਨੋਖੇ ਤੇ ਇਕੱਲੇ, ਰੁੱਖਾਂ ਦੀ ਜੀਰਾਂਦ

(D) ਸਾਂਵੀਂ ਸੁਖਾਵੀਂ ਜ਼ਿੰਦਗੀ, ਅਣਵਿਆਹੀ ਮਾਂ, ਯਾਦਾਂ ਦੇ ਝਰੋਖੇ 'ਚੋਂ

**44.** ਬਲਵੰਤ ਗਾਰਗੀ ਦੀਆਂ ਵਾਰਤਕ ਰਚਨਾਵਾਂ ਦਾ ਸਹੀ ਜੁੱਟ ਹੈ :

(A) ਕੌਡੀਆਂ ਵਾਲਾ ਸੱਪ, ਨੰਗੀ ਧੁੱਪ, ਸੁਰਮੇ ਵਾਲੀ ਅੱਖ

(B) ਨੰਗੀ ਧੁੱਪ, ਇਹ ਅਜਬ ਬੰਦੇ, ਲੋਹਾ ਕੁੱਟ

(C) ਨਿੰਮ ਦੇ ਪੱਤੇ, ਜੂਠੀ ਰੋਟੀ, ਕੁਆਰੀ ਟੀਸੀ

(D) ਸੁਰਮੇ ਵਾਲੀ ਅੱਖ, ਕਣਕ ਦੀ ਬੱਲੀ, ਨੰਗੀ ਧੁੱਪ

**45.** ਸਵੈ-ਜੀਵਨੀ ਦਾ ਮੁੱਖ ਰੂਪਾਕਾਰਕ ਲੱਛਣ ਹੈ :

(A) ਸਮਕਾਲੀ ਇਤਿਹਾਸ, ਵਿਰਤਾਂਤ, ਸਵੈ-ਬਿਆਨੀ

(B) ਇਤਿਹਾਸਕ ਤੱਥ, ਸਮਾਜਿਕ ਜਥਾਰਥ, ਸਵੈ-ਬਿਆਨੀ

(C) ਨਿੱਜੀ-ਜ਼ਿੰਦਗੀ, ਉੱਚ-ਪ੍ਰਾਪਤੀਆਂ, ਸਵੈ-ਬਿਆਨੀ

(D) ਇਤਿਹਾਸ ਕਾਲ, ਸਮਾਜਿਕ ਲਹਿਰ, ਸਵੈ-ਬਿਆਨੀ

46. ਮੋਹਨ ਸਿੰਘ ਦੀਆਂ ਥੀਮੈਟਿਕ ਕਾਵਿ ਇਕਾਈਆਂ ਹਨ :

(A) ਸੋਨਾ, ਇਸ਼ਕ, ਪ੍ਰਗਤੀ, ਪ੍ਰਯੋਗ
(B) ਅੱਧ ਦੀ ਚੇਤਨਾ, ਸ਼ਰਾਬ, ਔਰਤ, ਲੋਹਾ
(C) ਟਿਕਾਓ, ਚੰਚਲਤਾ, ਮੱਧਵਰਗੀ ਰੁਚੀ, ਜਾਇਦਾਦ
(D) ਜ਼ਿੰਦਗੀ, ਚੰਦਰੇ, ਕੱਚ ਸੱਚ, ਵਿਅਕਤੀ

47.

| ਸੂਚੀ-I | ਸੂਚੀ-II |
|---|---|
| a. ਪੂਰਨ ਸਿੰਘ | 1. ਪ੍ਰਗਤੀ ਧਾਰਾ |
| b. ਮੋਹਨ ਸਿੰਘ | 2. ਰੁਮਾਂਸ ਧਾਰਾ |
| c. ਹਰਿਭਜਨ ਸਿੰਘ | 3. ਆਵੇਸ਼ ਧਾਰਾ |
| d. ਸ਼ਿਵ ਕੁਮਾਰ | 4. ਸੁਹਜ ਧਾਰਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 2 | 3 | 1 |
| (B) | 2 | 3 | 1 | 4 |
| (C) | 3 | 1 | 4 | 2 |
| (D) | 1 | 4 | 2 | 3 |

48. **(A) ਕਥਨ :** ਆਧੁਨਿਕ ਪੰਜਾਬੀ ਕਵਿਤਾ ਦੇ ਮੁੱਢ ਤੇ ਵਿਕਾਸ ਵਿਚ ਅੰਗ੍ਰੇਜ਼ੀ ਸਾਹਿਤ ਦਾ ਅਹਿਮ ਯੋਗਦਾਨ ਹੈ ਕਿਉਂਕਿ ਇਸ ਨਾਲ ਪੰਜਾਬੀ ਸਾਹਿਤ ਵਿਚ ਪੁਨਰ-ਜਾਗਰਣ ਦਾ ਦੌਰ ਵੀ ਆਇਆ ।

**(R) ਕਾਰਨ :** ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਹਿਤਕ ਵਿਕਾਸ ਦੀ ਆੜ ਹੇਠ ਬਸਤੀਵਾਦੀ ਰੁਚੀਆਂ ਦਾ ਪ੍ਰਬਲ ਰੂਪ ਵਿਚ ਸਮਾਵੇਸ਼ ਹੋਇਆ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ
(B) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ
(C) (A) ਸਹੀ ਹੈ, (R) ਗ਼ਲਤ ਹੈ
(D) (A) ਆਂਸ਼ਿਕ ਗ਼ਲਤ ਹੈ, (R) ਸਹੀ ਹੈ

49. ਆਧੁਨਿਕ ਪੰਜਾਬੀ ਕਾਵਿ ਦੇ ਮੁੱਖ ਸਰੋਕਾਰ ਹਨ :

(A) ਸੁਪਨ-ਸਿਰਜਣਾ, ਭਵਿੱਖ-ਚੇਤਨਾ, ਪੱਛਮੀ ਪ੍ਰਭਾਵ
(B) ਧਰਮ-ਨਿਰਪੇਖਤਾ, ਸ਼੍ਰੇਣੀ-ਰਹਿਤ ਸਮਾਜ, ਵਿਅਕਤੀ-ਮੁਖਤਾ
(C) ਦਲਿਤ ਚੇਤਨਾ, ਰਾਸ਼ਟਰੀ ਭਾਵਨਾ, ਬਸਤੀਵਾਦੀ ਰੁਚੀ
(D) ਪ੍ਰਗਤੀਵਾਦ, ਪ੍ਰਯੋਗਵਾਦ, ਰਹੱਸਵਾਦ

50. ਭਾਈ ਵੀਰ ਸਿੰਘ ਦੀ ਕਾਵਿ ਰਚਨਾ ਦੇ ਮੁੱਖ ਰੂਪ ਹਨ :

(A) ਗ਼ਜ਼ਲ, ਗੀਤ, ਖੰਡ ਕਾਵਿ, ਕਿੱਸਾ
(B) ਮਹਾਕਾਵਿ, ਤੁਰਿਆਈ ਛੰਦ, ਗੀਤ, ਖੁਲ੍ਹੀ ਕਵਿਤਾ
(C) ਪ੍ਰਗੀਤ, ਕਾਫੀ, ਮਹਾਕਾਵਿ, ਪ੍ਰਬੰਧ ਕਾਵਿ
(D) ਵਾਰ, ਮਹਾਕਾਵਿ, ਗੀਤ, ਸ਼ੋਕ ਗੀਤ

51. ਲੰਬੀ ਬਿਰਤਾਂਤਕ ਕਵਿਤਾ ਦੀਆਂ ਰਚਨਾਵਾਂ ਹਨ :

(A) ਮੱਥਾ ਦੀਵੇ ਵਾਲਾ, ਕਾਮਰੇਡ ਨਾਲ ਗੱਲਬਾਤ, ਵੱਡਾ ਵੇਲਾ
(B) ਦੇਸ਼ ਪਿਆਰ, ਸ਼ੀਸ਼ੋ, ਲੂਣਾ
(C) ਅੰਬੀ ਦਾ ਬੂਟਾ, ਝਨਾਂ ਦੀ ਰਾਤ, ਨਜ਼ਮ
(D) ਪੂਰਨ ਨਾਥ ਜੋਗੀ, ਸਿਮਰਤੀ ਦੇ ਕਿਰਨ ਤੋਂ ਪਹਿਲਾਂ, ਸੁਨੇਹੜੇ

52. ਅਮ੍ਰਿਤਾ ਪ੍ਰੀਤਮ ਕਾਵਿ ਦੇ ਮੁੱਖ ਸਰੋਕਾਰ ਹਨ :

(A) ਵਿਦਰੋਹ, ਪਿਆਰ, ਪ੍ਰਯੋਗ, ਪ੍ਰਗੀਤ

(B) ਰੁਮਾਂਸ, ਪ੍ਰਗਤੀ, ਆਧੁਨਿਕਤਾ, ਸੁਤੰਤਰ ਵਿਆਹ

(C) ਨਾਰੀ-ਚੇਤਨਾ, ਵਿਅੰਗ, ਰੁਮਾਨੀ ਖੁਲ੍ਹ, ਲੋਕ ਹਿਤ

(D) ਪ੍ਰਤੀਕ, ਤਨਜ਼, ਔਰਤ, ਸਮਾਜ

53. ਮੋਹਨ ਸਿੰਘ ਦੀ ਕਵਿਤਾ 'ਜਾਇਦਾਦ' ਦੇ ਵਿਸ਼ੇਗਤ ਸਰੋਕਾਰ ਹਨ :

(A) ਸਮਾਜਕ ਚੇਤਨਾ, ਰੁਮਾਸ, ਨਾਰੀ ਚੇਤਨਾ

(B) ਔਰਤ, ਮਾਲਕ, ਆਸ਼ਿਕ

(C) ਵਿਆਹ ਪ੍ਰਬੰਧ, ਮਰਿਆਦਾ ਬੋਧ, ਦਾਰਸ਼ਨਿਕਤਾ

(D) ਮਨੋਵਿਸ਼ਲੇਸ਼ਣ, ਪਰੰਪਰਾ ਬੋਧ, ਕ੍ਰਾਂਤੀਕਾਰੀ ਚੇਤਨਾ

54. ਪੰਜਾਬੀ ਗਲਪ ਦੇ ਕਾਵਿ-ਸ਼ਾਸਤਰ ਦੇ ਆਧਾਰ-ਤੱਤ ਹਨ :

(A) ਸ਼੍ਰੇਣੀ ਸ਼ੰਘਰਸ਼, ਵਿਚਾਰਧਾਰਾ, ਸਮਾਜਕ ਚੇਤਨਾ ਤੇ ਇਤਿਹਾਸ

(B) ਜਥਾਰਥ, ਵਿਚਾਰਧਾਰਾ, ਸਮਾਜਕ ਤਣਾਓ ਤੇ ਗਲਪੀ ਜੁਗਤਾਂ

(C) ਜਥਾਰਥ, ਵਿਰਤਾਂਤਕ ਜੁਗਤਾਂ, ਪਾਠ ਸੰਗਰਚਨਾ ਤੇ ਵਿਰਤਾਂਤਕਾਰੀ

(D) ਸਮਾਜਕ ਜਥਾਰਥ, ਵਿਚਾਰਧਾਰਾ, ਗਲਪੀ ਭਾਸ਼ਾ ਤੇ ਪ੍ਰਤੀਕ-ਵਿਧਾਨ

55. **(A) ਕਥਨ :** ਮੁਢਲੇ ਪੰਜਾਬੀ ਨਾਵਲ ਦੀ ਮੂਲ ਸੱਮਸਿਆ ਸਮਕਾਲੀਨ ਸਮਾਜਕ ਵਿਗਠਨ ਦੀ ਹੈ ਜਿਸ ਤੋਂ ਉਹ ਅਤੀਤ ਦੀ ਸਦਾਚਾਰਕ ਉੱਤਮਤਾ ਦੇ ਦ੍ਰਿਸ਼ਟਾਂਤਿਕ ਬਿੰਬਾ ਰਾਹੀਂ ਪਾਰ ਜਾਣ ਦਾ ਸੰਦੇਸ਼ ਦਿੰਦਾ ਹੈ ।

**(R) ਕਾਰਨ :** ਇਹ ਹੀ ਕਾਰਨ ਹੈ ਕਿ ਸਰਲ ਅਰਥੀ ਪੱਧਰ ਤੇ ਉਹ ਧਰਮ-ਸੁਧਾਰਕ ਲਹਿਰਾਂ ਦੇ ਪ੍ਰਤਿਨਿਧ ਜਾਪਦੇ ਹਨ ਪਰ ਸੰਕੇਤਾਰਥੀ ਪੱਧਰ ਉਤੇ ਉਹ ਸਮਕਾਲੀਨ ਬਸਤੀਵਾਦੀ ਸਮਾਜਕ ਚੇਤਨਾ ਤੋਂ ਮੁਕਤੀ ਪ੍ਰਾਪਤ ਕਰਨ ਦਾ ਸੁਨੇਹਾ ਦਿੰਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਆਂਸ਼ਿਕ ਸਹੀ ਹਨ

(B) (A) ਸਹੀ ਹੈ, (R) ਗ਼ਲਤ ਹੈ

(C) (A) ਗ਼ਲਤ ਹੈ, (R) ਸਹੀ ਹੈ

(D) (A) ਤੇ (R) ਦੋਵੇਂ ਸਹੀ ਹਨ

56. ਕਿਹੜੇ ਨਾਵਲ ਕਾਰ ਨੇ ਮਾਲਵੇ ਵਿਚ ਪ੍ਰਚਲਿਤ ਹੋਣ ਵਾਲੀਆਂ ਸਮਾਜਕ ਤੇ ਸਿਆਸੀ ਲਹਿਰਾਂ ਨੂੰ ਪੇਸ਼ ਕਰਨ ਵਾਲੇ ਨਾਵਲ ਵਿਰਤਾਂਤ ਦੀ ਰਚਨਾ ਕੀਤੀ ਹੈ :

(A) ਗੁਰਦਿਆਲ ਸਿੰਘ

(B) ਰਾਮ ਸਰੂਪ ਅਣਖੀ

(C) ਜਸਵੰਤ ਸਿੰਘ ਕੰਵਲ

(D) ਕਰਮਜੀਤ ਕੁੱਸਾ

57. **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| a. ਜੋਤ ਜੁਗਤਿ ਕੀ ਵਾਰਤਾ | 1. ਗੁਰਚਰਨ ਸਿੰਘ |
| b. ਪੰਜਾਬੀ ਗਲਪ ਦਾ ਇਤਿਹਾਸ | 2. ਦੀ.ਆਰ. ਵਿਨੋਦ |
| c. ਪੰਜ ਨਾਵਲ | 3. ਨਿਰੰਜਨ ਤਸਨੀਮ |
| d. ਪੰਜਾਬੀ ਨਾਵਲ ਦਾ ਮੁਹਾਂਦਰਾ | 4. ਜੁਗਿੰਦਰ ਸਿੰਘ ਰਾਹੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 1 | 2 | 3 |
| (B) | 3 | 2 | 4 | 1 |
| (C) | 4 | 3 | 1 | 2 |
| (D) | 2 | 1 | 4 | 3 |

58. ਦੇਸ਼-ਵੰਡ ਨਾਲ ਸੰਬੰਧਿਤ ਨਾਵਲਾਂ ਦਾ ਮੂਲ ਸਮੱਸਿਆਕਾਰ ਹੈ :

(A) ਇਤਿਹਾਸਕ ਘਟਨਾਵਾਂ ਨਾਲ ਸੰਬੰਧਿਤ ਵਿਰਤਾਂਤ

(B) ਸੰਤਾਪਮਈ ਸਭਿਆਚਾਰਕ ਯਾਦਾਂ ਨਾਲ ਸੰਬੰਧਿਤ ਵਿਰਤਾਂਤ

(C) ਖ਼ਾਸ ਭੂ-ਖੇਤਰ ਨਾਲ ਸੰਬੰਧਿਤ ਵਿਰਤਾਂਤ

(D) ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਨਾਲ ਸੰਬੰਧਿਤ ਵਿਰਤਾਂਤ

59. ਪੰਜਾਬੀ ਦੇ ਕਿਹੜੇ ਪਰਵਾਸੀ ਨਾਵਲਕਾਰ ਦੀਆਂ ਰਚਨਾਵਾਂ ਵਿਚ ਪੰਜਾਬੀ ਸੰਵੇਦਨਾ, ਡਾਇਸਪੋਰਕ ਸੰਵੇਦਨਾ ਵਿਚ ਰੂਪਾਂਤਰਿਤ ਹੁੰਦੀ ਹੈ :

(A) ਸਵਰਨ ਚੰਦਨ

(B) ਰਘੁਬੀਰ ਢੰਡ

(C) ਦਰਸ਼ਨ ਧੀਰ

(D) ਹਰਜੀਤ ਅਟਵਾਲ

60. ਸਮਕਾਲੀ ਪੰਜਾਬੀ ਗਲਪ ਦੇ ਬਿਰਤਾਂਤ ਸਿਰਜਣ ਦਾ ਮੁੱਖ ਗੁਣ ਹੈ :

(A) ਯਥਾਰਥ ਤੋਂ ਪ੍ਰੇਰਨਾ

(B) ਯਥਾਰਥ ਦੀ ਪੇਸ਼ਕਾਰੀ

(C) ਯਥਾਰਥ ਦੀ ਸਿਰਜਣਾ

(D) ਯਥਾਰਥ ਦੀ ਨਕਲ

61. ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਔਰਤ ਮਰਦ ਸੰਬੰਧਾਂ ਦੇ ਕਾਮੁਕ ਪਾਸਾਰਾਂ ਦੀ ਪੇਸ਼ਕਾਰੀ ਦਾ ਆਧਾਰ ਹੈ :

(A) ਔਰਤ ਮਰਦ ਸੰਬੰਧਾਂ ਦੀ ਪਰੰਪਰਕ ਵਿਆਕਰਨ ਵਿਚ ਵਿਸਫੋਟ

(B) ਆਧੁਨਿਕ ਸੰਵੇਦਨਾ ਅਨੁਸਾਰ ਮਨੁੱਖੀ ਰਿਸ਼ਤਿਆਂ ਦੀ ਪੇਸ਼ਕਾਰੀ

(C) ਮਨੁੱਖੀ ਵਿਹਾਰ ਵਿਚ ਕਾਮੁਕ ਖੁਲ੍ਹ ਦੀ ਦੌੜ

(D) ਰੋਚਕ ਕਥਾ-ਵਿਰਤਾਂਤ ਦੀ ਸਿਰਜਣਾਂ

62. 1975-1990 ਵਿਚ ਨਾਟਕਾਂ ਦੇ ਕਿਹੜੇ ਜੁੱਟ ਦੀ ਰਚਨਾ ਹੋਈ :

(A) ਅੰਨ੍ਹੇ ਨਿਸ਼ਾਨਚੀ, ਨਾਟਕ ਨਾਟਕ ਨਾਟਕ, ਸੁਆਮੀ ਜੀ, ਧੀ ਧਿਆਣੀ

(B) ਗਾਨੀ, ਪੰਜ ਖੂਹ ਵਾਲੇ, ਬੰਦ ਕਮਰੇ, ਚਿੜੀਆਂ

(C) ਸੱਤ ਬੇਗਾਨੇ, ਸੀਸ ਤਲੀ ਤੇ, ਭਜਨੋ, ਪੰਚਨਦ ਦੇ ਪਾਣੀ

(D) ਭੱਜੀਆਂ ਬਾਹੀਂ, ਕਬਰਿਸਤਾਨ, ਲੀਰਾਂ, ਬੰਦਾ ਬਹਾਦਰ

63. ਨਾਰੀ-ਚੇਤਨਾ ਦੇ ਪ੍ਰਗਟਾਵੇ ਵਾਲੇ ਨਾਟਕਾਂ ਦਾ ਸਹੀ ਜੁੱਟ ਹੈ :

(A) ਸ਼ੋਭਾ ਸ਼ਕਤੀ, ਏਕਲਵਯ ਬੋਲਿਆ, ਧੂਣੀ ਦੀ ਅੱਗ, ਪਰੀਆਂ

(B) ਦੁਲਹਨ, ਮੈਂ ਤਾਂ ਇਕ ਸਾਰੰਗੀ ਹਾਂ, ਅਨੀਤੀ ਦਾ ਫ਼ੈਸਲਾ, ਪਾਗਲ ਲੋਕ

(C) ਸੁਭੱਦਰਾ, ਮਨ ਦੀਆਂ ਮਨ ਵਿਚ, ਪਰੀਆਂ, ਸ਼ੋਭਾ ਸ਼ਕਤੀ

(D) ਦੁਲਹਨ, ਝਨਾਂ ਦੇ ਪਾਣੀ, ਧੂਣੀ ਦੀ ਅੱਗ, ਵਰਘਰ

64.

| ਸੂਚੀ-I | ਸੂਚੀ-II |
|---|---|
| a. ਮਨਮੋਹਨ ਨਾਟਕ | 1. ਅਰੂੜ ਸਿੰਘ |
| b. ਚੰਦਰ ਹਰੀ | 2. ਗਿਆਨੀ ਦਿੱਤ ਸਿੰਘ |
| c. ਸੁਪਨ ਨਾਟਕ | 3. ਗੁਰਬਖ਼ਸ਼ ਸਿੰਘ ਬੈਰਿਸਟਰ |
| d. ਸੁੱਕਾ ਸਮੁੰਦਰ | 4. ਬਾਬਾ ਬੁੱਧ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 2 | 4 | 3 | 4 |
| (C) | 4 | 3 | 1 | 2 |
| (D) | 3 | 4 | 2 | 1 |

65. **(A) ਕਥਨ :** ਪੰਜਾਬ ਦੇ ਮੱਧਕਾਲੀ ਬਿਰਤਾਂਤਾਂ ਨੂੰ ਪੰਜਾਬੀ ਨਾਟਕਾਂ ਵਿਚ ਬਰੀਕੀ ਨਾਲ ਨਹੀਂ ਪੇਸ਼ ਕੀਤਾ ਜਾ ਸਕਿਆ ।

**(R) ਕਾਰਨ :** ਕਿਉਂਕਿ ਮੱਧਕਾਲੀ ਵਿਰਤਾਂਤਾਂ ਵਾਲੇ ਨਾਟਕ ਮੰਚ ਤੇ ਪ੍ਰਸਤੁਤ ਕੀਤੇ ਜਾ ਸਕਦੇ ਜੋ ਕਿ ਮੰਚ ਦੀ ਵੀ ਸੀਮਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ, (R) ਦੋਵੇਂ ਆਂਸ਼ਿਕ ਸਹੀ ਹਨ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਗ਼ਲਤ ਹਨ

(D) (A) ਸਹੀ ਹੈ, (R) ਆਂਸ਼ਿਕ ਸਹੀ ਹੈ

66. ਨਾਟਕ ਤੇ ਇਕਾਂਗੀ ਵਿਚਲੇ ਅੰਤਰ ਦਾ ਕਿਹੜਾ ਜੁੱਟ ਸਹੀ ਹੈ :

(A) ਨਾਟਕ ਲੰਮਾ ਹੁੰਦਾ ਹੈ ਤੇ ਇਕਾਂਗੀ ਛੋਟਾ ਹੁੰਦਾ ਹੈ

(B) ਨਾਟਕ ਬਹੁ-ਅੰਗੀ ਹੁੰਦਾ ਹੈ ਤੇ ਇਕਾਂਗੀ ਲਘੂ ਹੁੰਦਾ ਹੈ

(C) ਨਾਟਕ ਤੇ ਇਕਾਂਗੀ ਦੋ ਭਿੰਨ ਵਿਧਾਵਾਂ ਹਨ

(D) ਨਾਟਕ ਬਹੁ-ਪਾਸਾਰੀ ਵਿਰਤਾਂਤ ਹੈ ਤੇ ਇਕਾਂਗੀ ਇਕ ਪਾਸਾਰੀ ਵਿਰਤਾਂਤ ਹੁੰਦਾ ਹੈ

**67.** ਕਿਹੜਾ ਜੁੱਟ ਸਹੀ ਹੈ :

(A) ਜਥਾਰਥਵਾਦੀ ਨਾਟਕਕਾਰ : ਕਪੂਰ ਸਿੰਘ ਘੁੰਮਣ, ਅਜਮੇਰ ਔਲਖ

(B) ਪ੍ਰਤੀਕਵਾਦੀ ਨਾਟਕਕਾਰ : ਬਲਵੰਤ ਗਾਰਗੀ, ਗੁਰਸ਼ਰਨ ਸਿੰਘ

(C) ਅਸਤਿੱਤਵਵਾਦੀ ਨਾਟਕਕਾਰ : ਸੁਰਜੀਤ ਸਿੰਘ ਸੇਠੀ, ਹਰਚਰਨ ਸਿੰਘ

(D) ਮਿੱਥ ਦਾ ਪੁਰਨ-ਸਿਰਜਨ ਕਰਨ ਵਾਲੇ ਨਾਟਕਕਾਰ : ਸੰਤ ਸਿੰਘ ਸੇਖੋਂ, ਸਵਰਾਜ ਬੀਰ

**68.** ਪੰਜਾਬੀ ਰੂਪਵਾਦੀ ਆਲੋਚਨਾ ਦੀ ਮੁੱਖ ਸੀਮਾ ਹੈ ਕਿ :

(A) ਇਹ ਰਚਨਾ-ਪਾਠ ਦੀ ਭਾਵ-ਮੂਲਕ ਬਣਤਰ ਤੇ ਪ੍ਰਯੋਜਨ ਉਤੇ ਕੇਂਦਰਿਤ ਹੈ ।

(B) ਇਹ ਰਚਨਾ-ਪਾਠ ਦੀਆਂ ਰੂਪਗਤ ਜੁਗਤਾ ਨੂੰ ਹੀ ਸਾਹਿਤਕਤਾ ਦਾ ਸਿਰਜਕ ਮੰਨਦੀ ਹੈ ।

(C) ਇਹ ਰਚਨਾ ਪਾਠ ਦੀ ਰੂਪਾਤਮਕ ਬਣਤਰ ਰਾਹੀਂ ਸਿਰਜਤ ਅਰਥਾਂ ਦੀ ਵਿਸ਼ਾਲਤਾ ਨੂੰ ਅਣਗੌਲਿਆ ਕਰਦੀ ਹੈ ।

(D) ਇਹ ਸਾਹਿਤਕਤਾ ਨੂੰ ਰਚਨਾ-ਪਾਠ ਦੀ ਭਾਸ਼ਕ-ਬੁਣਤੀ ਤੱਕ ਹੀ ਸੀਮਤ ਕਰਦੀ ਹੈ ।

**69.** ਪੰਜਾਬੀ ਨਾਵਲ ਆਲੋਚਨਾ ਦੀ ਮੁੱਖ ਸੀਮਾ ਹੈ :

(A) ਇਹ ਨਾਵਲ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਨੂੰ ਅਣਗੌਲਿਆ ਕਰਦੀ ਹੈ ।

(B) ਇਹ ਨਾਵਲ ਦੀਆਂ ਪਾਠਗਤ-ਜੁਗਤਾਂ ਦੀ ਥਾਂ ਪ੍ਰਸੰਗਾਰਥੀ ਪਾਸਾਰਾਂ ਉਤੇ ਕੇਂਦਰਿਤ ਹੈ ।

(C) ਇਹ ਨਾਵਲੀ ਪ੍ਰਗਟਾਅ ਉਤੇ ਧਿਆਨ ਕੇਂਦਰਿਤ ਕਰਕੇ ਨਾਵਲੀ ਅਰਥਾਂ ਦੀ ਦਵੰਦਾਤਮਕਤਾ ਨੂੰ ਅਣਗੌਲਿਆ ਕਰਦੀ ਹੈ ।

(D) ਇਹ ਨਾਵਲ ਦੀਆਂ ਵਿਚਾਰਧਾਰਕ ਬਾਰੀਕੀਆਂ ਉਤੇ ਧਿਆਨ ਕੇਂਦਰਿਤ ਕਰਦੀ ਹੈ ।

**70.** ਵਿਵਹਾਰਕ ਸਮੀਖਿਆ ਤੋਂ ਭਾਵ ਹੈ :

(A) ਕਿਸੇ ਰਚਨਾ ਦੀ ਸ਼ਬਦ-ਸ਼ੈਲੀ ਦਾ ਅਧਿਐਨ ।

(B) ਕਿਸੇ ਰਚਨਾ ਦਾ ਪਾਰਗਤ ਵਿਸ਼ਲੇਸ਼ਣ ।

(C) ਕਿਸੇ ਰਚਨਾ ਦਾ ਸਰਵਪੱਖੀ ਮੁਲਾਂਕਣ ।

(D) ਕਿਸੇ ਸਾਹਿਤਿਕ ਕਿਰਤ ਵਿਸ਼ੈ-ਰੂਪ ਦੀ ਤੁਲਨਾਤਮਕ ਵਿਆਖਿਆ ।

**71.** ਉਹ ਵੀ ਮੁਲਕ ਸੁਖ਼ਨ ਦੇ ਅੰਦਰ, ਰਾਜਾ ਸੀ ਸਿਰਕਰਦਾ ।
ਜਿਸ ਕਿੱਸੇ ਦੀ ਚੜ੍ਹ ਮੁਹਿੰਮੇ, ਸੋਈਓ ਸੀ ਸਰ ਕਰਦਾ ।
ਬੈਂਤ ਤਰਾਜ਼ੂ ਤੋਲ ਬਣਾਇਉਸ, ਬੜੇ ਲੱਜ਼ਤ ਵਾਲੇ ।
ਕਲੀਆਂ ਚੁਣ ਚੁਣ ਹਾਰ ਪਰੋਤਿਓਸ, ਨਰਗਸ ਤੇ ਗੁਲ ਲਾਲੇ ।
ਇਹ ਆਲੋਚਨਾਤਮਕ ਟਿੱਪਣੀ ਕਿਸਦੀ ਹੈ ਅਤੇ ਕਿਸ ਬਾਰੇ ਹੈਂ ;

(A) ਅਹਿਮਦਯਾਰ ਦੀ ਫ਼ਜ਼ਲਸ਼ਾਹ ਬਾਰੇ ।

(B) ਬਾਵਾ ਬੁੱਧ ਸਿੰਘ ਦੀ ਮੁਕਬਲ ਬਾਰੇ ।

(C) ਮੁਹੰਮਦ ਬੂਟਾ ਦੀ ਵਾਰਸ਼ਸ਼ਾਹ ਬਾਰੇ ।

(D) ਮੁਹੰਮਦ ਬਖ਼ਸ਼ ਦੀ ਹਾਸ਼ਮਸ਼ਾਹ ਬਾਰੇ ।

**72.** ਰੱਬ ਦਾ ਆਸ਼ਕ ਹੋਣ ਸੁਖਾਲਾ, ਇਹ ਸੁਖਾਲੀ ਬਾਜ਼ੀ
ਗੋਸ਼ਾ ਪਕੜ ਰਹੇ ਹੋ ਸਾਬਰ, ਫੜ੍ਹ ਤਸਬੀ ਬਣੋ ਨਿਮਾਜ਼ੀ ।

ਇਹ ਕਾਵਿ-ਸਤਰਾਂ ਕਿਸ ਕਵੀ ਅਤੇ ਕਿਸ ਕਾਵਿ-ਧਾਰਾ ਨਾਲ ਸੰਬੰਧਤ ਹਨ ;

(A) ਗ਼ੁਲਾਮ ਫ਼ਰੀਦ – ਸੂਫੀ ਕਾਵਿਧਾਰਾ
(B) ਹਾਸ਼ਮ – ਕਿੱਸਾ ਕਾਵਿ-ਧਾਰਾ
(C) ਅਗਰਾ – ਵਾਰ ਹਕੀਕਤ ਰਾਏ
(D) ਕਬੀਰ – ਭਗਤੀ ਕਾਵਿ-ਧਾਰਾ

**73.** **(A) ਕਥਨ :** ਕਵਿਤਾ ਅਤੇ ਵਿਗਿਆਨ ਇਕ ਦੂਜੇ ਦੇ ਵਿਰੋਧੀ ਨਹੀਂ । ਕਵਿਤਾ ਦਾ ਸੁਹਜ ਸਿੱਧਾਂਤ ਵਿਗਿਆਨ ਤੋਂ ਅੱਡਰੀ ਭਾਂਤ ਦਾ ਹੈ । ਕਵਿਤਾ ਵਿਚ ਗਿਆਨ ਦੀ ਪੇਸ਼ਕਾਰੀ ਦਾ ਸਮੂਰਤ ਰੂਪ ਦਿਖਾਈ ਦਿੰਦਾ ਹੈ ਤੇ ਵਿਗਿਆਨ ਤੇ ਵਿਗਿਆਨਕ ਸਿੱਧਾਂਤ ਅਮੂਰਤ ਹੁੰਦੇ ਹਨ । ਕਵਿਤਾ ਵਿਚ ਵਿਚਾਰ ਦੀ ਪੇਸ਼ਕਾਰੀ ਕਲਪਨਾ ਦੀ ਸਹਾਇਤਾ ਨਾਲ ਹੁੰਦੀ ਹੈ ਅਤੇ ਵਿਗਿਆਨ ਵਿਚ ਸੰਕਲਪਨਾ ਰਾਹੀਂ ।

**(R) ਕਾਰਨ :** ਇਸ ਤਰ੍ਹਾਂ ਕਾਵਿਕ-ਗਿਆਨ ਹੋਰਨਾਂ ਗਿਆਨਾਂ/ਵਿਗਿਆਨਾਂ ਤੋਂ ਭਿੰਨ ਤਾ ਜਰੂਰ ਹੈ ਪਰ ਉਹ ਆਪਣੇ ਆਪ ਵਿਚ ਅਦੁੱਤੀ ਤੇ ਮੁੱਲਵਾਨ ਵੀ ਹੁੰਦਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ ਤੇ (R) ਗ਼ਲਤ ।
(B) (A) ਗ਼ਲਤ ਹੈ ਤੇ (R) ਸਹੀ ।
(C) (A) ਤੇ (R) ਦੋਵੇਂ ਗ਼ਲਤ ਹਨ ।
(D) (A) ਤੇ (R) ਦੋਵੇਂ ਸਹੀ ਹਨ ।

**74.**

| | **ਸੂਚੀ-I** | | **ਸੂਚੀ-II** |
|---|---|---|---|
| a. | ਸ਼ੇਰ ਸਿੰਘ | 1. | ਪੰਜਾਬੀ ਰਾਮ ਕਾਵਿ । |
| b. | ਜੀ.ਬੀ ਸਿੰਘ | 2. | ਆਧੁਨਿਕ ਪੰਜਾਬੀ ਕਾਵਿ ਦੇ ਵਿਚਾਰਧਾਰਾਈ ਆਧਾਰ । |
| c. | ਰਵਿੰਦਰ ਸਿੰਘ ਰਵੀ | 3. | ਸਿੱਖ ਦਰਸ਼ਨ । |
| d. | ਕਰਮਜੀਤ ਸਿੰਘ | 4. | ਗੁਰਮੁਖੀ ਲਿਪੀ ਨਿਕਾਸ ਤੇ ਵਿਕਾਸ |

ਸਹੀ ਕ੍ਰਮ ਕਿਹੜਾ ਹੈ :

| | a | b | c | d |
|---|---|---|---|---|
| (A) | 3 | 4 | 1 | 2 |
| (B) | 3 | 2 | 1 | 4 |
| (C) | 2 | 4 | 3 | 1 |
| (D) | 1 | 3 | 4 | 2 |

**75.** ਕਦੀ ਦਰਪਣ ਚ ਆਪਣੇ ਆਪ ਨੂੰ ਮਿਲਦਾ ਹਾਂ
ਖੰਡਿਤ ਜਿਹਾ ਦੀਦਾਰ ਹੂੰਦਾ ਹੈ ।
ਅਬਾਜ਼ੂ ਹੱਥ, ਅਧੜ ਗਰਦਨ, ਅਸਿਰ ਮੱਥਾ
ਕਿਸੇ ਬੁਰਕੀ ਹੋਈ ਤਸਵੀਰ ਦੇ
ਬਾਕੀ ਬਚੇ ਹਿੱਸੇ ।

ਇਹ ਕਾਵਿ-ਸਤਰਾਂ ਕਵੀ ਦੀ ਕਿਸ ਮਨੋ-ਸਥਿਤੀ ਨੂੰ ਪੇਸ਼ ਕਰਦੀਆਂ ਹਨ :

(A) ਜਸਵੰਤ ਸਿੰਘ ਨੇਕੀ : ਅਸਤਿਤਵੀ ਵਿਗਠਨ
(B) ਹਰਿਭਜਨ ਸਿੰਘ : ਅੰਤਰਮਨ ਦਾ ਦਵੰਦ
(C) ਸ਼ਿਵ ਕੁਮਾਰ : ਮਨ ਦੀ ਵੇਦਨਾ
(D) ਤਾਰਾ ਸਿੰਘ : ਹੋਂਦਮਈ ਸੰਕਟ

**Space For Rough Work**